

# ਧਰਮ ਤੇ ਵਿਰਸਾ

## ਗੁਰੂ ਘਰ ਦੀ ਦੇਗ ਦੇ ਕਮਾਲ ਦੇ ਫਾਇਦੇ



ਗੁਰੂ ਘਰ ਦੀ ਦੇਗ ਬਹੁਤ ਹੀ ਪੌਸ਼ਟਿਕ ਹੁੰਦੀ ਹੈ। ਬਹੁਤ ਹੀ ਸਿਹਤ ਵਰਧਕ ਹੁੰਦੀ ਹੈ।ਮੈਂ ਤਾਂ ਬਹੁਤ ਹੀ ਹੈਰਾਨ ਰਹਿ ਗਿਆ ਜਦੋਂ ਇਸਦੀ ਬਰੀਕੀ ਨਾਲ ਪੜਤਾਲ ਕੀਤੀ। ਜੇ ਸਾਰੇ ਗੁਣ ਲਿਖਣ ਬੈਠਾ ਤਾਂ ਪਤਾ ਨਹੀਂ ਕਿੰਨੇ ਕੁ ਵਰਕੇ ਭਰੇ ਜਾਣਗੇ। ਕਣਕ ਜਾਂ ਸੂਜੀ ਨੂੰ ਭੁੰਨ ਕੇ ਦੇਸੀ ਘਿਉ ਦਾ ਪਰਸ਼ਾਦ ਜੋ ਗੁਰੂ ਦੀ ਹਜ਼ੂਰੀ 'ਚ ਪੂਰਨ ਗੁਰਸਿੱਖ ਪੂਰਨ ਰਹਿਤ ਮਰਿਆਦਾ ਨਾਲ ਤਿਆਰ ਕਰਕੇ ਗੁਰੂ ਸਾਹਿਬ ਤੋਂ ਭੋਗ ਲਵਾ ਕੇ ਪਰਵਾਨ ਕਰਾਕੇ ਸੰਗਤ ਨੂੰ ਵੰਡੇ ਤਾਂ ਪਵਿੱਤਰ ਦੇਗ (Holy Porridge) ਅਖਵਾਉਂਦੀ ਹੈ। ਜੇ ਘਰ 'ਚ ਸਿਰਫ ਖਾਣ ਲਈ ਬਣਾਇਆ ਜਾਏ ਤਾਂ ਕੜਾਹ ਅਖਵਾਉਂਦਾ ਹੈ।

ਰੋਜ਼ਾਨਾ ਥੋੜ੍ਹੀ ਮਾਤਰਾ 'ਚ ਹਰ ਵੱਡੇ ਛੋਟੇ ਨੂੰ ਪਰਸ਼ਾਦ ਜਾਂ ਦੇਗ ਜ਼ਰੂਰ ਛਕਣੀ ਚਾਹੀਦੀ ਹੈ। ਗੁਰੂ ਸਾਹਿਬ ਨੇ ਹਰ ਗੁਰਸਿੱਖ ਲਈ ਗੁਰੂ ਦੇ ਦਰਸ਼ਨ, ਸੰਗਤ ਦੇ ਦਰਸ਼ਨ ਕਰਨੇ ਤੇ ਰੋਜ਼ਾਨਾ ਗੁਰਦੁਆਰਾ 'ਚ ਸਰਬੱਤ ਦੇ ਭਲੇ ਦੀ ਅਰਦਾਸ 'ਚ ਸ਼ਾਮਿਲ ਹੋਣ ਉਪਰੰਤ ਹੁਕਮਨਾਮਾ ਸੁਣਨਾ ਤੇ ਕਿਰਪਾ ਰੂਪੀ ਦੇਗ ਦੋਨੋਂ ਹੱਥ ਜੋੜ ਕੇ ਨਿਮਰਤਾ ਸਾਹਿਤ ਲੈਣੀ ਤੇ ਆਪ ਹੀ ਛਕਣੀ ਜ਼ਰੂਰੀ ਕੀਤੀ। ਦੇਗ ਕਦੇ ਵੀ ਘਰ ਨਹੀਂ ਲੈ ਕੇ ਜਾਣੀ ਚਾਹੀਦੀ ਕਿਉਂਕਿ ਜੋ ਵਿਅਕਤੀ ਗੁਰੂ ਦੇ ਦਰਸ਼ਨ ਹੀ ਨਹੀਂ ਕਰਨਾ ਚਾਹੁੰਦਾ ਜੇ ਉਹਨੂੰ ਘਰ ਬੈਠੇ ਨੂੰ ਹੀ ਪਵਿੱਤਰ ਪ੍ਰਸ਼ਾਦ ਮਿਲਣ ਲੱਗ ਪਿਆ ਤਾਂ ਉਸਨੇ ਕਦੇ ਵੀ ਗੁਰਦੁਆਰਾ ਸਾਹਿਬ ਨਹੀਂ ਜਾਣਾ। ਜਿਸ ਵਿਅਕਤੀ ਨੂੰ ਦੇਗ ਮਿਲੀ ਹੈ ਉਸਤੇ ਗੁਰੂ ਨੇ ਕਿਰਪਾ ਕੀਤੀ ਹੈ ਤੇ ਉਹਦੇ ਸਭ ਦੁੱਖਾਂ ਦੀ ਦੁਆਈ ਵੀ ਦਿੱਤੀ ਹੈ। ਸੋ ਆਪਣੀ ਕਿਰਪਾ ਅੱਗੇ ਨਾਂ ਵੰਡੋ। ਜਿਸ ਤਰੀਕੇ ਨਾਲ ਦੇਗ ਬਣਾਈ ਜਾਂਦੀ ਹੈ ਇਹ ਬਹੁਤ ਹੀ ਉਮਦਾ ਤਰੀਕਾ ਹੈ। ਕਣਕ, ਪਾਣੀ, ਮਿੱਠਾ ਤੇ ਦੇਸੀ ਘਿਉ ਮਿਲ ਕੇ ਕਮਾਲ ਦਾ ਯੋਗ ਬਣਦਾ ਹੈ। ਇਹ ਦਿਮਾਗ, ਵਾਲਾਂ, ਜੋੜਾਂ, ਨਹੁੰਆਂ, ਚਮੜੀ, ਦੰਦਾਂ, ਵਾਲਾਂ ਤੇ ਪਾਚਣ ਪਰਣਾਲੀ ਦੇ ਸਭ ਅੰਗਾਂ ਲਈ ਸਭ ਲੋੜੀਂਦੇ ਤੱਤਾਂ ਨਾਲ ਭਰਪੂਰ ਹੁੰਦਾ ਹੈ। ਇਸ 'ਚ ਕੈਲਸ਼ੀਅਮ, ਫਾਸਫੋਰਸ, ਡਾਇਟਰੀ ਫਾਇਬਰ, ਕਾਰਬੋਹਾਈਡਰੇਟ, ਵਿਟਾਮਿਨ ਕੇ, ਬੀ-ਸਿਕਸ, ਬੀ-12, ਥਾਇਮਿਨ, ਫੋਲੇਟ, ਪੈਂਟੋਥੈਨਿਕ ਐਸਿਡ, ਕੋਲੀਨ, ਬੀਟੇਨ ਤੇ ਥਾਇਆਮਿਨ, ਆਇਰਨ, ਕਾਪਰ, ਜ਼ਿੰਕ, ਸਿਲੇਨੀਅਮ, ਮੈਂਗਨੀਜ਼, ਸੋਡੀਅਮ, ਪੁਟਾਸ਼ੀਅਮ ਤੇ ਮੈਗਨੇਸ਼ੀਅਮ ਆਦਿ ਤੱਤਾਂ ਦੇ ਇਲਾਵਾ ਅਨੇਕ ਫੈਟੀ ਅਸਿਡਜ਼ ਵੀ ਹੁੰਦੇ ਹਨ। ਇਹ ਸਾਰੇ ਤੱਤ ਹੀ ਦੇਗ ਨੂੰ ਬਹੁਤ ਹੀ ਪੌਸ਼ਟਿਕ ਬਣਾਉਂਦੇ ਹਨ। ਇਹ ਤੱਤ ਜੇ ਕਿਸੇ ਨੂੰ ਰੋਜ਼ਾਨਾ ਖਾਲੀ ਪੇਟ ਮਿਲਣ ਤਾਂ ਸਰੀਰ ਦੇ ਕੁਨੈਕਟਿਵ ਟਿਸ਼ੂਜ਼, ਨਰਵਸ ਟਿਸ਼ੂਜ਼, ਮਸਲ ਟਿਸ਼ੂਜ਼ ਤੇ ਐਪੀਥੀਲੀਅਲ ਟਿਸ਼ੂਜ਼ ਬਹੁਤ ਵਧੀਆ ਤਰ੍ਹਾਂ ਬਣੇ ਰਹਿੰਦੇ ਹਨ ਤੇ ਵਧੀਆ ਤਰ੍ਹਾਂ ਕੰਮ ਵੀ ਕਰਦੇ ਹਨ।

ਕਿਸੇ ਵਿਅਕਤੀ ਦੇ ਲੰਬੀ, ਤੰਦਰੁਸਤ ਉਮਰ ਭੋਗਣ ਲਈ ਇਹਨਾਂ ਟਿਸ਼ੂਜ਼ ਦਾ ਤੰਦਰੁਸਤ ਹੋਣਾ ਜ਼ਰੂਰੀ ਹੁੰਦਾ ਹੈ। ਇਹ ਤੱਤ ਉਮਰ ਲੰਬੀ ਕਰਦੇ ਹਨ, ਯਾਦਾਸ਼ਤ, ਤੰਦਰੁਸਤੀ, ਬੁੱਧੀ, ਸੁੰਦਰਤਾ ਨੂੰ ਵੀ ਵਧਾਉਂਦੇ ਹਨ, ਬੱਚਿਆਂ ਦਾ ਕੱਦ ਵਧਾਉਂਦੇ ਹਨ। ਮਿਹਦੇ, ਜਿਗਰ, ਅੰਤੜੀਆਂ ਤੇ ਗੁਰਦਿਆਂ ਦੇ ਸਹੀ ਤਰ੍ਹਾਂ ਕੰਮ ਕਰਨ ਲਈ ਲਈ ਵੀ ਇਸ 'ਚ ਲੋੜੀਂਦੇ ਤੱਤ ਹਨ ਜੋ ਵਿਅਕਤੀ ਰੋਜ਼ਾਨਾ ਗੁਰਦੁਆਰਾ ਸਾਹਿਬ ਜਾ ਕੇ ਦੇਗ ਛਕਦਾ ਹੈ ਉਹਦੇ ਹਾਰਮੋਨ ਤੇ ਐਂਜ਼ਾਇਮ ਬਹੁਤ ਸਹੀ ਤਰ੍ਹਾਂ ਕੰਮ ਕਰਨ ਲਗਦੇ ਹਨ। ਉਹਦੇ ਚਿਹਰੇ ਤੇ ਜਾਹੋ ਜਲਾਲ ਵਧਣ ਲੱਗਦਾ ਹੈ, ਅੱਖਾਂ 'ਚ ਚਮਕ ਵਧਦੀ ਹੈ, ਚਿਹਰੇ ਤੇ ਸ਼ਾਂਤੀ, ਖੁਸ਼ੀ ਦੀ ਲਹਿਰ, ਮਾਨਸਿਕ ਸੰਤੁਸ਼ਟੀ ਵੀ ਵਧਣ ਲਗਦੀ ਹੈ। ਵਿਅਕਤੀ ਨੂੰ ਹਰ ਤਰ੍ਹਾਂ ਦੀ ਤੰਦਰੁਸਤੀ ਮਿਲਦੀ ਮਿਲਦੀ ਹੈ। ਅਸੀਂ ਦੇਗ ਦੇ ਕਮਾਲ ਦੇ ਫਾਇਦੇ ਨਾਂ ਦੀ ਕਿਤਾਬ ਛੇਤੀ ਹੀ ਲਿਖਾਂਗੇ।

**ਡਾਕਟਰ ਬਲਰਾਜ ਬੈਂਸ-ਡਾਕਟਰ ਕਰਮਜੀਤ ਕੌਰ**
ਨੈਚਰਲ ਹਸਪਤਾਲ, ਰਾਮਾ ਕਲੋਨੀ ਮੋਗਾ , 99140-84724

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਸ਼ਹੀਦੀ ਪੁਰਬ 'ਤੇ ਉਨ੍ਹਾਂ ਨੂੰ ਕੋਟਿਨ-ਕੋਟਿ ਪ੍ਰਣਾਮ !
ਠੇਕੇਦਾਰ ਜਸਵਿੰਦਰ ਸਿੰਘ 'ਛਿੰਦਾ'
ਇੱਥੇ ਪਾਣੀ ਵਾਲੀ ਟੈਂਕੀ ਅਤੇ ਲੈਂਟਰ ਪਾਉਣ ਵਾਲੀ ਮਸ਼ੀਨ ਕਿਰਾਏ ਤੇ ਮਿਲਦੀ ਹੈ

ਸੰਪਰਕ: (ਛਿੰਦਾ) 98144-25420, 98763-42724 (ਤਾਰੀ) 81460-50324

## ਗੁਰਦੁਆਰਾ ਗੋਦੜੀ ਸਾਹਿਬ (ਫ਼ਰੀਦਕੋਟ)



ਫ਼ਰੀਦਕੋਟ-ਕੋਟਕਪੂਰਾ ਰੋਡ 'ਤੇ ਵਸੇ ਗੁਰਦੁਆਰਾ ਗੋਦੜੀ ਸਾਹਿਬ ਨੂੰ 12ਵੀਂ ਸਦੀ ਵਿਚ ਬਾਬਾ ਸ਼ੇਖ਼ ਫ਼ਰੀਦ ਜੀ ਦੀ ਚਰਨ ਛੋਹ ਪ੍ਰਾਪਤ ਹੋਈ। ਇਸ ਅਸਥਾਨ 'ਤੇ ਲੰਘ ਚੁੱਕੀਆਂ ਸਦੀਆਂ ਵਿਚ ਬੜੇ ਉਤਰਾਅ-ਚੜ੍ਹਾਅ ਆਏ। 1215 ਈਸਵੀ ਵਿਚ ਬਾਬਾ ਫ਼ਰੀਦ ਜੀ ਦਿੱਲੀ ਤੋਂ ਪਾਕ-ਪਟਨ ਜਾ ਰਹੇ ਸਨ ਤਾਂ ਇਸ ਅਸਥਾਨ 'ਤੇ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਕ ਛੱਪੜੀ ਦੇ ਕਿਨਾਰੇ ਵਿਸ਼ਰਾਮ ਕੀਤਾ ਅਤੇ ਆਪਣੇ ਮੁਰਸ਼ਦ ਬਖਤਿਆਰ ਕਾਕੀ ਦੀ ਬਖ਼ਸ਼ੀ ਹੋਈ ਗੋਦੜੀ ਇਕ ਮਾਲ ਦੇ ਦਰੱਖ਼ਤ 'ਤੇ ਟੰਗ ਕੇ ਖ਼ੁਦ ਖਾਣ-ਪੀਣ ਦਾ ਸਾਮਾਨ ਲੈਣ ਲਈ ਮੋਕਲਹਰ ਸ਼ਹਿਰ ਪਹੁੰਚੇ, ਜੋ ਉਸ ਵੇਲੇ ਮੋਕਲਹਰ ਗੜ੍ਹੀ ਵਿਚ ਵਸਦਾ ਸੀ ਅਤੇ ਉਸ ਦੀ ਨਵ-ਉਸਾਰੀ ਹੋ ਰਹੀ ਸੀ। ਉਥੇ ਬਗਾਰ 'ਚ ਫੜੇ ਹੋਏ ਗ਼ਰੀਬ ਲੋਕਾਂ ਦੀ ਰਿਹਾਈ ਕਰਵਾਉਣ ਤੋਂ ਬਾਅਦ ਬਾਬਾ ਜੀ ਜਦ ਇਸ ਅਸਥਾਨ 'ਤੇ ਪਹੁੰਚੇ ਤਾਂ ਵੇਖਿਆ ਕਿ ਆਜੜੀ ਮੁੰਡੇ ਬਾਬਾ ਜੀ ਦੀ ਗੋਦੜੀ ਦੀ ਖੁੱਦੋ ਬਣਾ ਕੇ ਖੇਡ ਰਹੇ ਸਨ।

ਬਾਬਾ ਜੀ ਨੇ ਆਪਣੇ ਮੁਰਸ਼ਦ ਵੱਲੋਂ ਬਖ਼ਸ਼ੀ ਗੋਦੜੀ ਤੋਂ ਜੁਦਾ ਹੋਣ ਦੀ ਆਪਣੀ ਇਸ ਭੁੱਲ ਨੂੰ ਬਖਸ਼ਾਉਣ ਦੀ ਖ਼ਾਤਰ ਉਥੇ 40 ਦਿਨ ਤਪੱਸਿਆ ਕੀਤੀ। ਅੱਜ ਇਸ ਅਸਥਾਨ 'ਤੇ ਬਹੁਤ ਸੁੰਦਰ ਅਲੌਕਿਕ ਨਮੂਨੇ ਦਾ ਗੁਰਦੁਆਰਾ ਸਥਿਤ ਹੈ, ਜੋ ਕਿ ਬਾਬਾ ਜੀ ਦੀ ਗੋਦੜੀ ਅਸਥਾਨ ਦੇ ਰੂਪ ਵਿਚ ਪ੍ਰਸਿੱਧ ਹੈ। 13ਵੀਂ ਸਦੀ ਤੋਂ ਬਾਅਦ 19ਵੀਂ ਸਦੀ ਤੱਕ ਕਿਸੇ ਨੇ ਇਸ ਅਸਥਾਨ ਦੀ ਸਾਰ ਨਾ ਲਈ। ਇਹ ਅਸਥਾਨ ਮਾਲ ਅਤੇ ਜੰਗਲੀ ਬੇਰਾਂ ਦੇ ਦਰੱਖ਼ਤਾਂ ਦਾ ਜ਼ਖ਼ੀਰਾ ਬਣ ਗਿਆ। ਕੁਝ ਦੇਰ ਬਾਅਦ ਕਿਸੇ ਭਗਤ ਵੱਲੋਂ ਇਕ ਛੋਟਾ ਜਿਹਾ ਚਬੂਤਰਾ ਬਣਵਾ ਦਿੱਤਾ ਗਿਆ, ਕਿਉਂਕਿ ਇਹ ਅਸਥਾਨ ਸੜਕ ਤੋਂ ਕਾਫ਼ੀ ਦੂਰ ਹਟ ਕੇ ਫ਼ਰੀਦਕੋਟ ਅਤੇ ਕੋਟਕਪੂਰਾ ਦੇ ਕੱਚੇ ਰਸਤੇ 'ਤੇ ਸਥਿਤ ਸੀ। ਇਸ ਲਈ ਘੱਟ ਲੋਕ ਹੀ ਇਥੋਂ ਲੰਘਿਆ ਕਰਦੇ ਸਨ। ਪਰ ਸ਼ਰਧਾਲੂ ਫਿਰ ਵੀ ਵੀਰਵਾਰ ਵਾਲੇ ਦਿਨ ਇਥੇ ਆ ਕੇ ਜਲੇਬੀਆਂ ਅਤੇ ਸ਼ੱਕਰ ਚੜ੍ਹਾ ਆਉਂਦੇ ਸਨ ਅਤੇ ਮੂੰਹੋਂ ਮੰਗੀਆਂ ਮੁਰਾਦਾਂ ਪਾਉਂਦੇ ਸਨ, ਜਿਸ ਕਿਸੇ ਦੀ ਵੀ ਮੁਰਾਦ ਪੂਰੀ ਹੋ ਜਾਂਦੀ ਸੀ ਤਾਂ ਉਹ ਮਾਲ ਅਤੇ ਬੇਰ ਦੇ ਦਰੱਖ਼ਤਾਂ 'ਤੇ ਬਾਬਾ ਜੀ ਦੀ ਗੋਦੜੀ ਦੀ ਯਾਦ ਵਜੋਂ ਵਸਤਰ ਟੰਗ ਆਉਂਦੇ ਸਨ। ਇਨ੍ਹਾਂ ਵਸਤਰਾਂ ਨੂੰ ਪਵਿੱਤਰ ਸਮਝਿਆ ਜਾਂਦਾ ਸੀ, ਇਨ੍ਹਾਂ ਵਸਤਰਾਂ ਨੂੰ ਕੋਈ ਉਤਾਰਦਾ ਨਹੀਂ ਸੀ ਅਤੇ ਸਮਾਂ ਗੁਜ਼ਰਨ ਤੋਂ ਬਾਅਦ ਉਹ ਫਟ ਜਾਣ ਪਿੱਛੋਂ ਦੂਰ ਤੋਂ ਲੀਰਾਂ ਦੀ ਸ਼ਕਲ ਵਿਚ ਸੜਕ 'ਤੇ ਜਾਣ ਵਾਲਿਆਂ ਨੂੰ ਨਜ਼ਰ ਆਇਆ ਕਰਦੇ ਸਨ। ਲੰਮਾ ਸਮਾਂ ਗੁਜ਼ਰਨ 'ਤੇ ਇਸ ਅਸਥਾਨ ਨੂੰ ਇਨ੍ਹਾਂ ਲੀਰਾਂ ਕਾਰਨ ਲੀਰ ਮਾਲ ਦਾ ਨਾਂਅ ਦੇ ਦਿੱਤਾ ਗਿਆ, ਪਰ 1860 ਤੋਂ ਲੈ ਕੇ 1865 ਈਸਵੀ ਵਿਚ ਲਾਲਾ ਮੋਤੀ ਰਾਮ ਦੇ ਪ੍ਰਬੰਧਨ ਹੇਠ ਹੋਏ ਸਮਝੌਤੇ ਵਿਚ ਮਾਲ ਮਹਿਕਮੇ ਦੇ ਕਾਗਜ਼ਾਂ ਵਿਚ ਇਹ ਅਸਥਾਨ ਬਾਬਾ ਫ਼ਰੀਦ ਜੀ ਦੇ ਨਾਂਅ ਲਿਖਿਆ ਗਿਆ।

ਰੋਜ਼ਾਨਾ ਨਿੱਤਨੇਮ ਤੋਂ ਇਲਾਵਾ ਕੀਰਤਨ ਦਾ ਪ੍ਰਵਾਹ ਸਵੇਰੇ-ਸ਼ਾਮ ਚੱਲਦਾ ਹੈ। ਇਥੇ ਇਕ ਸੁੰਦਰ ਸੰਤ ਸਰੋਵਰ ਬਣਾਇਆ ਗਿਆ ਹੈ, ਜਿਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਪੰਜੇ ਤਖ਼ਤ ਸਾਹਿਬਾਨਾਂ, ਤਿੰਨ ਪਾਵਨ ਨਦੀਆਂ ਗੰਗਾ, ਯਮੁਨਾ ਅਤੇ ਗੋਦਾਵਰੀ ਅਤੇ ਇਸਲਾਮ ਦੇ ਪਵਿੱਤਰ ਚਸ਼ਮੇ 'ਆਬੇਜ਼ਮਜ਼ਮ' ਦਾ ਪਵਿੱਤਰ ਜਲ 9 ਮਟਕੀਆਂ ਰਾਹੀਂ ਲਿਆ ਕੇ ਇਸ ਸਰੋਵਰ ਵਿਚ ਸਮੋਇਆ ਗਿਆ ਹੈ। ਜਦੋਂ ਇਹ ਸਰੋਵਰ ਸੰਗਤ ਨੂੰ ਪਵਿੱਤਰ ਇਸ਼ਨਾਨ ਲਈ ਅਰਪਣ ਕੀਤਾ ਗਿਆ ਤਾਂ ਇਸ ਮੌਕੇ ਇਕ ਸੁੰਦਰ ਨਜ਼ਾਰਾ ਪੇਸ਼ ਹੋਇਆ, ਜਦੋਂ ਗੁਰਬਾਣੀ, ਵੇਦ ਮੰਤਰਾਂ ਅਤੇ ਕੁਰਾਨ ਸ਼ਰੀਫ਼ ਦੀਆਂ ਆਇਤਾਂ ਦਾ ਉਚਾਰਨ ਕਰਦਿਆਂ ਹੋਇਆਂ ਪੰਡਿਤ, ਮੌਲਵੀ ਅਤੇ ਗ੍ਰੰਥੀ ਸਿੰਘਾਂ ਦੇ ਹੱਥਾਂ ਵਿਚ ਫੜੀਆਂ ਹੋਈਆਂ ਪਵਿੱਤਰ ਜਲ ਦੀਆਂ ਮਟਕੀਆਂ ਨੂੰ ਮਹੰਤ ਤੀਰਥ ਸਿੰਘ ਮੁਖੀ ਸੇਵਾ ਪੰਥੀ ਟਿਕਾਣਾ ਭਾਈ ਜਗਤਾ ਜੀ, ਗੋਨੇਆਣਾ ਨੇ ਆਪਣੇ ਪਵਿੱਤਰ ਹੱਥਾਂ ਨਾਲ ਇਸ ਸੰਤ ਸਰੋਵਰ ਵਿਚ ਸਮੋਇਆ। ਹਰ ਰੋਜ਼ ਸੈਂਕੜੇ ਦੀ ਗਿਣਤੀ ਵਿਚ ਸ਼ਰਧਾਲੂ ਫ਼ਰੀਦਕੋਟ ਅਤੇ ਕੋਟਕਪੂਰਾ ਤੋਂ ਬਾਬਾ ਜੀ ਦੇ ਅਸਥਾਨ 'ਤੇ ਦਰਸ਼ਨ ਕਰਨ ਲਈ ਆਉਂਦੇ ਹਨ। ਹਰ ਵੀਰਵਾਰ ਨੂੰ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 8 ਵਜੇ ਤੱਕ ਇਥੇ ਮੇਲਾ ਹੀ ਲੱਗਿਆ ਰਹਿੰਦਾ ਹੈ, ਗੁਰੂ ਕਾ ਅਟੁੱਟ ਲੰਗਰ ਚੱਲਦਾ ਹੈ।

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੇ ਸ਼ਹੀਦੀ ਪੁਰਬ 'ਤੇ ਉਨ੍ਹਾਂ ਨੂੰ ਕੋਟਿਨ-ਕੋਟਿ ਪ੍ਰਣਾਮ !
ਵੱਲੋਂ ਸੰਤ ਬਾਬਾ ਮਲੂਕ ਸਿੰਘ ਜੀ
ਗੁਰਦੁਆਰਾ ਬਾਬਾ ਹੀਰਾ ਸਿੰਘ ਜੀ, ਪਿੰਡ ਖੁਖਰਾਣਾ
ਮੋਬਾਈਲ ਨੰਬਰ - 98550-97155
